# ✝ ਤੁਹਾਡੇ ਤੇ ਸਾਡੇ ਸਵਾਲ ਅਤੇ ਪਵਿੱਤਰ ਬਾਈਬਲ ਦੇ ਜਵਾਬ ✝



Rev. Dr. Sam Sahota (B.A. D, O.P.C Hon Canada) Email: Sahota_sam@ymail.com Tel. # (416) 782 – 0422

ਪਵਿੱਤਰ ਬਾਈਬਲ ਪਹਿਲੇ ਕੁਰੰਥੀਆਂ 10:1–11, 12:9, 12:28–30, ਅਫ਼ਸੀਆਂ 4:4–16, ਇਬਰਾਨੀਆਂ 11:1–29, ਪਹਿਲੇ ਪਤਰਸ 1:7–13 ਅਤੇ ਦੂਸਰੇ ਪਤਰਸ 1:1–11 ਵਿੱਚ ਬਿਆਨ ਕਰਦੀ ਹੈ ਕਿ ਮਿਸਰ ਦੇਸ ਵਿੱਚੋਂ ਨਿੱਕਲਣ ਦੇ ਸਮੇਂ ਸਭਨਾਂ ਇਸਰਾਏਲੀਆਂ ਨੇ ਇੱਕੋ ਆਤਮਕ ਜਲ ਉਸ ਆਤਮਕ ਪੱਥਰ ਤੋਂ ਪੀਤਾ ਜਿਹੜਾ ਉਨ੍ਹਾਂ ਦੇ ਸਾਥ ਸਾਥ ਚੱਲਦਾ ਸੀ ਅਤੇ ਉਹ ਪੱਥਰ ਪ੍ਰਭੂ ਯਿਸੂ ਮਸੀਹ ਜੀ ਹੈ ਸੀ। ਪ੍ਰੰਤੂ ਪ੍ਰਮੇਸ਼ਰ ਯਿਸੂ ਮਸੀਹ ਜੀ ਉਨ੍ਹਾਂ ਵਿੱਚੋਂ ਬਾਹਲਿਆਂ ਨਾਲ ਪ੍ਰਸੰਨ ਨਹੀਂ ਸੀ ਇਸ ਲਈ ਉਸ ਨੇ ਉਨ੍ਹਾਂ ਦਾ ਉਜਾੜ ਵਿੱਚ ਨਾਸ ਕੀਤਾ। ਇਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ ਅਤੇ ਸਾਡੀ ਸਿੱਖਿਆ ਲਈ ਲਿਖੀਆਂ ਗਈਆਂ ਭਈ ਅਸੀਂ ਪ੍ਰਭੂ ਯਿਸੂ ਮਸੀਹ ਜੀ ਨੂੰ ਨਾ ਪਰਤਾਈਏ ਜਿਵੇਂ ਕੂਚ 17:1–7 ਅਤੇ ਗਿਣਤੀ 21:4–9 ਵਿੱਚ ਲਿਖਿਆ ਹੈ ਕਿ ਉਨ੍ਹਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਨਾਸ ਹੋਏ।



ਨਿਹਚਾ ਦਾ ਵਰਦਾਨ ਇੱਕੋ ਆਤਮਾ ਪ੍ਰਮੇਸ਼ਰ ਯਿਸੂ ਮਸੀਹ ਜੀ ਵੱਲੋਂ ਦਿੱਤਾ ਜਾਂਦਾ ਹੈ। ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਾਬੂਤੀ ਹੈ। ਨਿਹਚਾ ਨਾਲ ਹਾਬਲ ਨੇ ਆਪਣੇ ਭਰਾ ਕਇਨ ਨਾਲੋਂ ਪ੍ਰਮੇਸ਼ਰ ਦੇ ਹਜ਼ੂਰ ਉੱਤਮ ਬਲੀਦਾਨ ਚੜ੍ਹਾਇਆ ਜਿਸ ਕਰਕੇ ਇਹ ਸਾਖ਼ੀ ਦਿੱਤੀ ਗਈ ਭਈ ਹਾਬਲ ਧਰਮੀ (Righteous) ਹੈ ਕਿਉਂ ਜੋ ਪ੍ਰਮੇਸ਼ਰ ਨੇ ਹਾਬਲ ਦੀਆਂ ਭੇਟਾਂ ਦੇ ਵਿਖੇ ਗਵਾਹੀ ਦਿੱਤੀ ਅਤੇ ਉਸ ਨਿਹਚਾ ਦੇ ਰਾਹੀਂ ਹਾਬਲ ਹੁਣ ਤੀਕੁਰ ਬੋਲਦਾ ਹੈ ਭਾਵੇਂ ਉਹ ਮਰ ਚੁੱਕਾ ਹੈ। ਨਿਹਚਾ ਦੇ ਬਿਨਾ ਪ੍ਰਮੇਸ਼ਰ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪ੍ਰਮੇਸ਼ਰ ਦੀ ਵੱਲ ਆਉਂਦਾ ਹੈ ਉਹ ਨੂੰ ਇਹ ਨਿਹਚਾ ਕਰਨੀ ਚਾਹੀਦੀ ਹੈ ਭਈ ਪ੍ਰਮੇਸ਼ਰ ਹੈ, ਨਾਲੇ ਇਹ ਭਈ ਪ੍ਰਮੇਸ਼ਰ ਯਿਸੂ ਮਸੀਹ ਜੀ ਆਪਣੇ ਤਾਲਿਬਾਂ ਦਾ ਫਲ–ਦਾਤਾ ਹੈ। ਨਿਹਚਾ ਨਾਲ ਅਬਰਾਹਾਮ ਨੇ ਜਾਂ ਪਰਤਾਇਆ ਗਿਆ ਤਾਂ ਆਪਣੇ ਪੁੱਤਰ ਇਸਹਾਕ ਨੂੰ ਬਲੀਦਾਨ ਲਈ ਚੜ੍ਹਾਇਆ ਜਿਹਨੂੰ ਇਹ ਆਖਿਆ ਗਿਆ ਭਈ ਇਸਹਾਕ ਤੋਂ ਤੇਰੀ ਅੰਸ ਅਖਵਾਏਗੀ ਕਿਉਂ ਜੋ ਉਹ ਨੇ ਵਿਚਾਰ ਕੀਤਾ ਜੋ ਪ੍ਰਮੇਸ਼ਰ ਮੁਰਦਿਆਂ ਵਿੱਚੋਂ ਜੀ ਉਠਾਲਣ ਨੂੰ ਸਮਰੱਥ ਹੈ ਜਿਨ੍ਹਾਂ ਵਿੱਚੋਂ ਅਬਰਾਹਾਮ ਨੇ ਉਹ ਨੂੰ ਪ੍ਰਾਪਤ ਵੀ ਕਰ ਲਿਆ। ਨਿਹਚਾ ਨਾਲ ਮੂਸਾ ਨੇ ਜਦ ਸਿਆਣਾ ਹੋਇਆ ਤਾਂ ਮਿਸਰ ਦੇ ਰਾਜਾ ਫ਼ਿਰਾਊਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ ਇਨਕਾਰ ਕੀਤਾ। ਕਿਉਂ ਜੋ ਮੂਸਾ ਨੇ ਪਾਪ ਦੇ ਭੋਗ ਬਿਲਾਸ ਨਾਲੋਂ ਜੋ ਥੋੜ੍ਹੇ ਚਿਰ ਲਈ ਹੈ ਪ੍ਰਭੂ ਯਿਸੂ ਮਸੀਹ ਜੀ ਦੇ ਵਾਸਤੇ ਨਿੰਦਿਆ ਜਾਣਾ ਅਤੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੀ ਪਰਜ਼ਾ ਦੇ ਨਾਲ ਰਹਿ ਕੇ ਦੁੱਖ ਝੱਲਣਾ ਮਿਸਰ ਦੇ ਖਜ਼ਾਨਿਆਂ ਨਾਲੋਂ ਵੱਡਾ ਧੰਨ ਸਮਝਿਆ। ਨਿਹਚਾ ਨਾਲ ਉਹ ਲਾਲ ਸਮੁੰਦਰ ਦੇ ਵਿੱਚੋਂ ਦੀ ਜਿਵੇਂ ਸੁੱਕੀ ਜ਼ਮੀਨ ਉੱਤੇ ਦੀ ਪਾਰ ਲੰਘ ਗਏ ਪਰ ਜਾਂ ਇਹਦਾ ਮਿਸਰੀਆਂ ਨੇ ਉੱਦਮ ਕੀਤਾ ਤਾਂ ਡੁੱਬ ਮੋਏ। ਸੋ ਤੁਹਾਡੀ ਪਰਖੀ ਹੋਈ ਨਿਹਚਾ ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਅੱਗ ਵਿੱਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਪ੍ਰਭੂ ਯਿਸੂ ਮਸੀਹ ਜੀ ਦੇ ਪ੍ਰਗਟ ਹੋਣ ਦੇ ਸਮੇਂ ਉਸਤਤ, ਮਹਿਮਾ ਅਤੇ ਆਦਰ ਦੇ ਜੋਗ ਨਿੱਕਲੇ। ਇਸੇ ਮੁਕਤੀ ਦੀ ਕ੍ਰਿਪਾ (Grace of this Salvation) ਦੇ ਵਿਖੇ ਜਿਹੜੀ ਤੁਹਾਡੇ ਉੱਤੇ ਹੋਣ ਵਾਲੀ ਸੀ ਜਿਨ੍ਹਾਂ ਨਬੀਆਂ ਨੇ ਅਗੰਮਵਾਕ ਕੀਤਾ ਉਨ੍ਹਾਂ ਪਹਿਲੇ ਨਬੀਆਂ ਵਿੱਚ ਮਸੀਹ ਦਾ ਆਤਮਾ ਸੀ ਜਿਹੜਾ ਮਸੀਹ ਦਿਆਂ ਦੁੱਖਾਂ ਦੇ ਅਤੇ ਉਨ੍ਹਾਂ ਦੇ ਪਿੱਛੋਂ ਮਸੀਹ ਦੀ ਮਹਿਮਾ ਦੇ ਵਿਖੇ ਅੱਗੋਂ ਸਾਖ਼ੀ ਦਿੰਦਾ ਸੀ। ਸੋ ਤੁਸੀਂ ਆਪਣੇ ਵੱਲੋਂ ਵੱਡਾ ਯਤਨ ਕਰ ਕੇ ਆਪਣੀ ਨਿਹਚਾ ਨਾਲ ਨੇਕੀ ਅਤੇ ਨੇਕੀ ਨਾਲ ਗਿਆਨ ਅਤੇ ਗਿਆਨ ਨਾਲ ਸੰਜਮ ਅਤੇ ਸੰਜਮ ਨਾਲ ਧੀਰਜ ਅਤੇ ਧੀਰਜ ਨਾਲ ਭਗਤੀ ਅਤੇ ਭਗਤੀ ਨਾਲ ਭਰੱਪਣ ਦਾ ਪ੍ਰੇਮ ਅਤੇ ਭਰੱਪਣ ਦੇ ਪ੍ਰੇਮ ਨਾਲ ਪ੍ਰੇਮ ਵਧਾਈ ਜਾਓ। ਕਿਉਂ ਜੋ ਏਹ ਗੁਣ ਜੇ ਤੁਹਾਡੇ ਵਿੱਚ ਹੋਣ ਅਤੇ ਵਧਦੇ ਜਾਣ ਤਾਂ ਉਹ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਗਿਆਨ ਵਿੱਚ ਨਾ ਆਲਸੀ ਅਤੇ ਨਾ ਨਿਸਫਲ ਹੋਣ ਦੇਣਗੇ। ਇਸ ਕਾਰਨ ਹੇ ਭਰਾਵੋ, ਤੁਸੀਂ ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ ਦਾ ਹੋਰ ਭੀ ਯਤਨ ਕਰੋ ਕਿਉਂਕਿ ਜੇ ਤੁਸੀਂ ਆਪਣੇ ਸੱਦੇ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ ਦਾ ਪੂਰਾ ਜਤਨ ਕਰੋ ਤਾਂ ਕਦੇ ਠੇਡਾ ਨਾ ਖਾਉਗੇ ਸਗੋਂ ਤੁਹਾਨੂੰ ਪ੍ਰਭੂ ਅਤੇ ਮੁਕਤੀਦਾਤੇ ਯਿਸੂ ਮਸੀਹ ਦੇ ਸਦੀਪਕ ਰਾਜ ਵਿੱਚ ਵੱਡੀ ਖੁਲ੍ਹ ਨਾਲ ਪ੍ਰਵੇਸ਼ ਕਰਨਾ ਮਿਲੇਗਾ। ਸੋ ਆਓ ਅੱਜ ਅਸੀਂ ਨਿਹਚਾ, ਆਸਾ ਅਤੇ ਅਮਲਾਂ ਦੇ ਵਿਸ਼ੇ ਉੱਤੇ ਪਵਿੱਤਰ ਬਾਈਬਲ ਵਿੱਚੋਂ ਵੇਖਾਂਗੇ॥

## ਸਵਾਲ: ਪ੍ਰਮੇਸ਼ਰ ਇੱਕੋ ਹੈ ਜੋ ਸੁੰਨਤੀਆਂ ਨੂੰ ਨਿਹਚਾ ਤੋਂ ਅਤੇ ਅਸੁੰਨਤੀਆਂ ਨੂੰ ਨਿਹਚਾ ਦੇ ਕਾਰਨ ਧਰਮੀ ਠਹਿਰਾਵੇਗਾ?

**ਜਵਾਬ:** ਜੀ ਹਾਂ। ਬਾਈਬਲ ਮਰਕੁਸ 12:28–30, ਬਿਵਸਥਾਸਾਰ 6:4–11, ਮਲਾਕੀ 2:10, ਰੋਮੀਆਂ 3:29–30 ਅਤੇ 10:9–21 ਵਿੱਚ ਲਿਖਿਆ ਹੈ, ਕੀ ਅਸਾਂ ਸਾਰਿਆਂ ਦਾ ਇੱਕੋ ਹੀ ਪਿਤਾ ਨਹੀਂ ਅਤੇ ਕੀ ਇੱਕੋ ਹੀ ਪ੍ਰਮੇਸ਼ਰ ਨੇ ਸਾਨੂੰ ਨਹੀਂ ਸਾਜਿਆ ? ਕੀ ਪ੍ਰਮੇਸ਼ਰ ਨਿਰਾ ਯਹੂਦੀਆਂ ਦਾ ਹੈ ਅਤੇ ਪਰਾਈਆਂ ਕੌਮਾਂ ਦਾ ਨਹੀਂ ? ਆਹੋ, ਪਰਾਈਆਂ ਕੌਮਾਂ ਦਾ ਭੀ ਹੈ ਕਿਉਂ ਜੋ ਪ੍ਰਮੇਸ਼ਰ ਇੱਕੋ ਹੈ ਜਿਹੜਾ ਸੁੰਨਤੀਆਂ ਨੂੰ ਨਿਹਚਾ ਤੋਂ ਅਤੇ ਅਸੁੰਨਤੀਆਂ ਨੂੰ ਨਿਹਚਾ ਹੀ ਦੇ ਕਾਰਨ ਧਰਮੀ (Righteous) ਠਹਿਰਾਵੇਗਾ। ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਮਸੀਹ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇ ਜੋ ਪ੍ਰਮੇਸ਼ਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਗਾ। ਧਰਮ (Righteousness) ਲਈ ਤਾਂ ਹਿਰਦੇ ਨਾਲ ਨਿਹਚਾ (Believe) ਕਰੀਦੀ ਹੈ ਅਤੇ ਮੁਕਤੀ (Salvation) ਲਈ ਮੂੰਹ ਨਾਲ ਇਕਰਾਰ (Confession) ਕਰੀਦਾ ਹੈ। ਧਰਮ ਪੁਸਤਕ ਇਉਂ ਕਹਿੰਦਾ ਹੈ ਭਈ ਜੋ ਕੋਈ ਪ੍ਰਭੂ ਯਿਸੂ ਮਸੀਹ ਉੱਤੇ ਨਿਹਚਾ ਕਰੇਂ ਉਹ ਲੱਜਿਆਵਾਨ ਨਾ ਹੋਵੇਗਾ। ਯਹੂਦੀ ਅਤੇ ਯੂਨਾਨੀ ਵਿੱਚ ਤਾਂ ਕੁਝ ਭਿੰਨ ਭੇਦ ਨਹੀਂ ਹੈ ਇਸ ਲਈ ਜੋ ਉਹੀ ਪ੍ਰਭੂ ਸਭਨਾਂ ਦਾ ਪ੍ਰਭੂ ਹੈ ਅਤੇ ਉਨ੍ਹਾਂ ਸਭਨਾਂ ਲਈ ਜਿਹੜੇ ਉਹ ਦਾ ਨਾਮ ਲੈਂਦੇ ਹਨ ਵੱਡਾ ਦਾਤਾਰ ਹੈ। ਕਿਉਂ ਜੋ ਹਰੇਕ ਜਿਹੜਾ ਪ੍ਰਭੂ ਯਿਸੂ ਮਸੀਹ ਦਾ ਨਾਮ ਲਵੇਗਾ ਉਹ ਬਚਾਇਆ ਜਾਵੇਗਾ। ਪਰ ਜਿਹਦੇ ਉੱਤੇ ਨਿਹਚਾ ਨਹੀਂ ਕੀਤੀ ਉਹ ਦਾ ਨਾਮ ਕਿੱਕੁਰ ਲੈਣ ? ਅਤੇ ਜਿਹਦੀ ਖਬਰ ਸੁਣੀ ਹੀ ਨਹੀਂ ਉਹ ਦੇ ਉੱਤੇ ਨਿਹਚਾ ਕਿੱਕੁਰ ਕਰਨ ? ਸੋ ਪ੍ਰਤੀਤ ਸੁਣਨ ਨਾਲ ਅਤੇ ਸੁਣਨਾ ਪ੍ਰਮੇਸ਼ਰ ਯਿਸੂ ਮਸੀਹ ਦੇ ਬਚਨ ਤੋਂ ਆਉਂਦਾ ਹੈ। ਯੂਹੰਨਾ 1:9–18, 3:16–21, 8:12, ਗਲਾਤੀਆਂ 3:26–29, ਰਸੂਲਾਂ ਦੇ ਕਰਤੱਵ 22:12–21, ਪਹਿਲੇ ਕੁਰਿੰਥੀਆਂ 6:9–11, ਅਫ਼ਸੀਆਂ 2:8–10, 5:25–27, ਤੀਤੁਸ 3:3–7 ਅਤੇ ਇਬਰਾਨੀਆਂ 12:1–2 ਵਿੱਚ ਲਿਖਿਆ ਹੈ ਕਿ ਸੱਚਾ ਚਾਨਣ ਜਿਹੜਾ ਹਰੇਕ ਮਨੁੱਖ ਨੂੰ ਉਜਾਲਾ ਕਰਦਾ ਹੈ ਉਹ ਆਪ ਜਗਤ ਵਿੱਚ ਦੇਹਧਾਰੀ ਹੋ ਕੇ ਆਉਣ ਵਾਲਾ ਸੀ। ਉਹ ਜਗਤ ਵਿੱਚ ਸੀ ਅਤੇ ਜਗਤ ਉਸ ਤੋਂ ਰੱਚਿਆ ਗਿਆ ਪਰ ਜਗਤ ਨੇ ਉਸ ਨੂੰ ਨਾ ਪਛਾਣਿਆ। ਸ਼ਬਦ ਜਗਤ ਦਾ ਸਿਰਜਣਹਾਰ ਪ੍ਰਮੇਸ਼ਰ ਮਨੁੱਖ ਦੇ ਜਿਸਮ ਵਿੱਚ ਇਕਲੌਤੇ ਪੁੱਤਰ ਦੇ ਸਰੂਪ ਵਿੱਚ ਦੇਹਧਾਰੀ ਹੋ ਕੇ ਜਗਤ ਵਿੱਚ ਆਇਆ ਅਤੇ ਜਿਹੜੇ ਉਹ ਦੇ ਆਪਣੇ ਸਨ ਉਨ੍ਹਾਂ ਨੇ ਉਸ ਨੂੰ ਕਬੂਲ ਨਾ ਕੀਤਾ। ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ "ਯਿਸੂ" ਉੱਤੇ ਨਿਹਚਾ ਕੀਤੀ। ਪ੍ਰਭੂ ਯਿਸੂ ਮਸੀਹ ਜੀ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਪੁੱਤਰ ਹੋ। ਕਿਉਂ ਜੋ ਤੁਸੀਂ ਜਿਨ੍ਹਿਆਂ ਨੇ ਪ੍ਰਭੂ ਯਿਸੂ ਮਸੀਹ ਵਿੱਚ ਬਪਤਿਸਮਾ ਲਿਆ ਹੈ ਉਨ੍ਹਿਆਂ ਨੇ ਯਿਸੂ ਮਸੀਹ ਨੂੰ ਪਹਿਨ ਲਿਆ ਹੈ। ਨਾ ਕੋਈ ਯਹੂਦੀ, ਨਾ ਯੂਨਾਨੀ, ਨਾ ਗੁਲਾਮ, ਨਾ ਅਜ਼ਾਦ, ਨਾ ਨਰ ਅਤੇ ਨਾ ਨਾਰੀ ਰਿਹਾ ਕਿਉਂ ਜੋ ਤੁਸੀਂ ਸੱਭੇ ਯਿਸੂ ਮਸੀਹ ਵਿੱਚ ਇੱਕੋ ਹੀ ਹੋ। ਜੇ ਤੁਸੀਂ ਯਿਸੂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਪ੍ਰਮੇਸ਼ਰ ਦੇ ਬਚਨ ਦੇ ਅਨੁਸਾਰ ਪ੍ਰਮੇਸ਼ਰ ਯਿਸੂ ਮਸੀਹ ਦੇ ਰਾਜ ਦੇ ਅਧਕਾਰੀ ਵੀ ਹੋ। ਭਗਤ ਹਨਾਨਿਯਾਹ ਨੇ ਪੌਲੁਸ ਰਸੂਲ ਨੂੰ ਆਖਿਆ, ਹੇ ਸੌਲੁਸ, ਤੈਨੂੰ ਸਾਡੇ ਵੱਡਿਆਂ ਦੇ ਪ੍ਰਮੇਸ਼ਰ ਨੇ ਜਿਸ ਨੇ ਤੈਨੂੰ ਦੰਮਿਸਕ ਦੇ ਰਾਹ ਵਿੱਚ ਦਰਸ਼ਨ ਦਿੱਤਾ ਤੈਨੂੰ ਚੁਣਿਆ ਹੈ ਸੋ ਤੂੰ ਉੱਠ ਅਤੇ ਉਹ ਦਾ ਨਾਮ ਲੈਂਦੇ ਹੋਏ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ। ਤਦ ਪੌਲੁਸ ਨੇ ਆਪਣੇ ਪਿਉਦਾਦਿਆਂ ਦੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਨਾਮ ਵਿੱਚ ਬਪਤਿਸਮਾ ਲੈ ਕੇ ਆਪਣੇ ਪਾਪ ਧੋ ਲਏ ਅਤੇ ਆਤਮਾ ਨਾਲ ਭਰਪੂਰ ਹੋ ਕੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਨਾਮ ਅਤੇ ਰਾਜ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਧੋਖਾ ਨਾ ਖਾਉ ! ਸਭ ਬੇਪਰਤੀਤੇ, ਕੁਧਰਮੀ, ਮੂਰਤੀਪੂਜਕ, ਹਰਾਮਕਾਰ, ਜ਼ਨਾਹਕਾਰ, ਜ਼ਨਾਨੜੇ, ਮੁੰਡੇਬਾਜ਼, ਝੂੱਠੇ, ਲੋਭੀ, ਚੋਰ, ਲੁਟੇਰੇ, ਗਾਲਾਂ ਕੱਢਣ ਵਾਲੇ, ਨਸ਼ੇਬਾਜ਼ ਅਤੇ ਮਾੜੀਆਂ ਗੱਲਾਂ ਦੀ ਕਾਮਨਾਂ ਕਰਨ ਵਾਲੇ ਪ੍ਰਮੇਸ੍ਰਰ ਯਿਸੂ ਮਸੀਹ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ ? ਅਤੇ ਤੁਹਾਡੇ ਵਿੱਚੋਂ ਕਈਕੁ ਏਹੋ ਜਿਹੇ ਸਨ ਪਰ ਪ੍ਰਭੂ ਯਿਸੂ ਮਸੀਹ ਜੀ ਦੇ ਨਾਮ ਤੋਂ ਅਤੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਆਤਮਾ ਤੋਂ ਤੁਸੀ ਧੋਤੇ ਗਏ ਅਤੇ ਪਵਿੱਤਰ ਕੀਤੇ ਗਏ ਅਤੇ ਧਰਮੀ (Righteous) ਠਹਿਰਾਏ ਗਏ। ਤੁਸੀਂ ਕ੍ਰਿਪਾ ਤੋਂ ਨਿਹਚਾ ਨਾਲ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪ੍ਰਮੇਸ਼ਰ ਦੀ ਬਖ਼ਸ਼ੀਸ਼ ਪ੍ਰਭੂ ਯਿਸੂ ਮਸੀਹ ਜੀ ਵਿੱਚ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ। ਕਿਉਂ ਜੋ ਪਹਿਲਾਂ ਤਾਂ ਅਸੀਂ ਵੀ ਨਦਾਨ, ਅਣਆਗਿਅਕਾਰ, ਧੋਖਾ ਖਾਣ ਵਾਲੇ, ਅਨੇਕ ਪ੍ਰਕਾਰ ਦੇ ਬੁਰਿਆਂ ਵਿਸ਼ਿਆਂ ਅਤੇ ਭੋਗ ਬਿਲਾਸਾਂ ਦੇ ਗੁਲਾਮ ਸਾਂ, ਬੁਰਿਆਈ ਅਤੇ ਖਾਰ ਵਿੱਚ ਉਮਰ ਭੋਗਦੇ ਸਾਂ, ਘਿਣਾਉਣੇ ਅਤੇ ਇੱਕ ਦੂਏ ਦੇ ਵੈਰੀ ਸਾਂ। ਪਰ ਜਾਂ ਸਾਡੇ ਮੁਕਤੀਦਾਤਾ ਪ੍ਰਮੇਸ਼ਰ ਯਿਸੂ ਮਸੀਹ ਦੀ ਦਿਆਲਗੀ ਅਤੇ ਪ੍ਰੇਮ ਜੋ ਮਨੁੱਖਾਂ ਨਾਲ ਸੀ ਪ੍ਰਗਟ ਹੋਇਆ। ਤਾਂ ਪ੍ਰਮੇਸ਼ਰ ਯਿਸੂ ਮਸੀਹ ਜੀ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ (Water Baptism) ਅਤੇ ਆਤਮਾ ਦੇ ਨਵੇਂ ਬਣਾਉਣ (Hly Spirit Baptism) ਦੇ ਵਸੀਲੇ ਨਾਲ ਸਾਨੂੰ ਬਚਾਇਆ। ਭਈ ਅਸੀਂ ਮੁਕਤੀਦਾਤੇ ਪ੍ਰਮੇਸ਼ਰ ਯਿਸੂ ਮਸੀਹ ਦੀ ਕ੍ਰਿਪਾ ਨਾਲ ਧਰਮੀ (Righteous) ਠਹਿਰ ਕੇ ਆਸ ਦੇ ਅਨੁਸਾਰ ਹਮੇਸ਼ਾਂ ਦੇ ਜੀਵਨ ਦੇ ਅਧਕਾਰੀ ਹੋਈਏ। ਆਓ ਅਸੀਂ ਉਸ ਦੌੜ ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ ਸਬਰ ਨਾਲ ਦੌੜੀਏ ਅਤੇ ਪ੍ਰਭੂ ਯਿਸੂ ਮਸੀਹ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ॥

## ਸਵਾਲ:ਕੀ ਇਹ ਸੱਚ ਹੈ ਕਿ ਬਹੁਤ ਸਾਰੇ ਵਿਦਵਾਨ ਪ੍ਰਮੇਸ਼ਰ ਯਿਸੂ ਮਸੀਹ ਦੇ ਧਰਮ (Righteousness) ਤੋਂ ਅਣਜਾਣ ਹੋ ਕੇ ਅਤੇ ਆਪਣੇ ਹੀ ਧਰਮ (Religion) ਨੂੰ ਦ੍ਰਿੜ੍ਹ ਕਰਨ ਦਾ ਜਤਨ ਕਰ ਕੇ ਪ੍ਰਮੇਸ਼ਰ ਦੇ ਧਰਮ ਅਧੀਨ ਨਾ ਹੋਏ ??

**ਜਵਾਬ:** ਜੀ ਹਾਂ। ਪੌਲੁਸ ਰਸੂਲ ਨੇ ਰਸੂਲਾਂ ਦੇ ਕਰਤੱਵ 20:28, ਰੋਮੀਆਂ 10:1-4, 10:9-18, ਗਲਾਤੀਆਂ 1:11-17, 2:15-16, 3:26-29, ਅਫ਼ਸੀਆਂ 2:8-10, 4:4-32, 5:20, ਕੁਲੁੱਸੀਆਂ 1:12-21, 2:1-15 ਅਤੇ 3:11-17 ਵਿੱਚ ਲਿਖਿਆ ਹੈ ਕਿ ਤੁਸੀਂ ਆਪਣੀ ਨਾਲੇ ਉਸ ਸਾਰੇ ਇੱਜੜ ਦੀ ਦੇਖ਼ਭਾਲ ਕਰੋ ਜਿਹਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ ਜੋ ਪ੍ਰਮੇਸ਼ਰ ਦੀ ਕਲੀਸਿਯਾ (Church of God) ਦੀ ਚਰਵਾਹੀ ਕਰੋ ਜਿਹਨੂੰ ਪ੍ਰਮੇਸ਼ਰ (God) ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ। ਹੇ ਭਰਾਵੋ, ਮੇਰੇ ਮਨ ਦੀ ਚਾਹ ਅਤੇ ਮੇਰੀ ਬੇਨਤੀ ਪ੍ਰਮੇਸ਼ਰ ਦੇ ਅੱਗੇ ਉਨ੍ਹਾਂ ਦੀ ਮੁਕਤੀ ਲਈ। ਮੈਂ ਉਨ੍ਹਾਂ ਦੀ ਸਾਖ਼ੀ ਵੀ ਭਰਦਾ ਹਾਂ ਭਈ ਉਨ੍ਹਾਂ ਨੂੰ ਪ੍ਰਮੇਸ਼ਰ ਲਈ ਅਣਖ ਤਾਂ ਹੈ ਪਰ ਸਮਝ ਨਾਲ ਨਹੀਂ। ਕਿਉਂ ਜੋ ਪ੍ਰਮੇਸ਼ਰ ਦੇ ਧਰਮ (Righteousness of God) ਤੋਂ ਅਣਜਾਣ ਹੋ ਕੇ ਅਤੇ ਆਪਣੇ ਹੀ ਧਰਮ (Religion) ਨੂੰ ਦ੍ਰਿੜ ਕਰਨ ਦਾ ਜਤਨ ਕਰ ਕੇ ਉਹ ਪ੍ਰਮੇਸ਼ਰ ਦੇ ਧਰਮ ਦੇ ਅਧੀਨ ਨਾ ਹੋਏ। ਕਿਉਂ ਜੋ ਧਰਮ (Righteousness) ਲਈ ਮਸੀਹ ਹਰੇਕ ਨਿਹਚਾ ਕਰਨ ਵਾਲੇ ਲਈ ਸ਼ਰਾ ਦਾ ਅੰਤ ਹੈ। ਮੇਰੇ ਯਹੂਦੀਆਂ ਦੀ ਮਤ (Judaism) ਦੇ ਵਿੱਚ ਜੋ ਅੱਗੇ ਮੇਰਾ ਚੱਲਣ ਸੀ ਸੋ ਤੁਸੀਂ ਉਹ ਦੀ ਖ਼ਬਰ ਸੁਣ ਹੀ ਲਈ ਭਈ ਮੈਂ ਪ੍ਰਮੇਸ਼ਰ ਦੀ ਕਲੀਸਿਯਾ (Church of God) ਨੂੰ ਹੱਦੋਂ ਬਾਹਰ ਸਤਾਉਂਦਾ ਅਤੇ ਬਰਬਾਦ ਕਰਦਾ ਸੀ। ਅਤੇ ਆਪਣਿਆਂ ਵੱਡਿਆਂ ਦੀਆਂ ਰੀਤਾਂ (Traditions of Fathers) ਲਈ ਡਾਢਾ ਅਣਖੀ ਹੋ ਕੇ ਮੈਂ ਯਹੂਦੀਆਂ ਦੇ ਮੱਤ ਵਿੱਚ ਆਪਣੀ ਕੌਮ ਦੇ ਬਾਹਲੇ ਕਹਾਣੀਆਂ ਨਾਲੋਂ ਸਿਰ ਕੱਢ ਸਾਂ। ਪਰ ਜਦੋਂ ਉਹ ਦੀ ਜਿਨ ਮੈਨੂੰ ਮੇਰੀ ਮਾਤਾ ਦੀ ਕੁੱਖੋਂ ਹੀ ਵੱਖਰਾ ਕੀਤਾ ਅਤੇ ਆਪਣੀ ਕ੍ਰਿਪਾ ਨਾਲ ਸੱਦਿਆ ਇਹ ਭਾਉਣੀ ਹੋਈ ਜੋ ਆਪਣੇ ਪੁੱਤਰ ਨੂੰ ਮੇਰੇ ਵਿੱਚ ਪ੍ਰਗਟ ਕਰੇ ਭਈ ਮੈਂ ਉਹ ਦੀ ਖ਼ੁਸ਼ ਖ਼ਬਰੀ ਪਰਾਈਆਂ ਕੌਮਾਂ ਨੂੰ ਸੁਣਾਵਾਂ ਤਦੋਂ ਮੈਂ ਮਾਸ ਅਤੇ ਲਹੂ ਤੋਂ ਸਲਾਹ ਨਾ ਪੁੱਛੀ। ਅਸੀਂ ਜਨਮ ਕਰਕੇ ਯਹੂਦੀ ਹਾਂ ਅਤੇ ਪਰਾਈਆਂ ਕੌਮਾਂ ਵਿੱਚੋਂ ਪਾਪੀ ਨਹੀਂ ਤਾਂ ਵੀ ਇਹ ਜਾਣ ਕੇ ਭਈ ਮਨੁੱਖ ਸ਼ਰਾ ਦੇ ਕੰਮਾਂ ਤੋਂ ਨਹੀਂ ਸਗੋਂ ਸਿਰਫ਼ ਯਿਸੂ ਮਸੀਹ ਦੇ ਉੱਤੇ ਨਿਹਚਾ ਕਰਨ ਤੋਂ ਹੀ ਧਰਮੀ (Righteous) ਠਹਿਰਾਏ ਜਾਂਦੇ ਹਨ ਅਸਾਂ ਵੀ ਮਸੀਹ ਯਿਸੂ ਦੇ ਉੱਤੇ ਨਿਹਚਾ ਕੀਤੀ ਭਈ ਮਸੀਹ ਦੀ ਨਿਹਚਾ ਤੋਂ, ਨਾ ਸ਼ਰਾ ਦੇ ਕੰਮਾਂ ਤੋਂ ਧਰਮੀ (Righteous) ਠਹਿਰਾਏ ਜਾਈਏ ਕਿਉਂਕਿ ਕੋਈ ਬਸ਼ਰ ਸ਼ਰਾ ਦੇ ਕੰਮਾਂ ਤੋਂ ਧਰਮੀ ਨਹੀਂ ਠਹਿਰਾਇਆ ਜਾਵੇਗਾ। ਪ੍ਰਭੂ ਯਿਸੂ ਮਸੀਹ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਪੁੱਤਰ ਹੋ। ਕਿਉਂ ਜੋ ਤੁਸੀਂ ਜਿਨ੍ਹਿਆਂ ਨੇ ਪ੍ਰਭੂ ਯਿਸੂ ਮਸੀਹ ਵਿੱਚ ਬਪਤਿਸਮਾ ਲਿਆ ਹੈ ਉਨ੍ਹਿਆਂ ਨੇ ਯਿਸੂ ਮਸੀਹ ਨੂੰ ਪਹਿਨ ਲਿਆ ਹੈ। ਨਾ ਕੋਈ ਯਹੂਦੀ, ਨਾ ਯੂਨਾਨੀ, ਨਾ ਗੁਲਾਮ, ਨਾ ਅਜ਼ਾਦ, ਨਾ ਨਰ ਅਤੇ ਨਾ ਨਾਰੀ ਰਿਹਾ ਕਿਉਂ ਜੋ ਤੁਸੀਂ ਸੱਭੇ ਯਿਸੂ ਮਸੀਹ ਵਿੱਚ ਇੱਕੋ ਹੀ ਹੋ। ਜੇ ਤੁਸੀਂ ਯਿਸੂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਪ੍ਰਮੇਸ਼ਰ ਦੇ ਬਚਨ ਦੇ ਅਨੁਸਾਰ ਪ੍ਰਮੇਸ਼ਰ ਯਿਸੂ ਮਸੀਹ ਦੇ ਰਾਜ ਦੇ ਅਧਕਾਰੀ ਵੀ ਹੋ। ਇੱਕੋ ਦੇਹੀ ਅਤੇ ਇੱਕੋ ਆਤਮਾ ਹੈ ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿੱਚ ਸੱਦੇ ਗਏ। ਇੱਕੋ ਪ੍ਰਭੂ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ। ਇੱਕੋ ਪ੍ਰਮੇਸ਼ਰ ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉੱਤੇ, ਸਭਨਾਂ ਦੇ ਵਿੱਚਕਾਰ ਅਤੇ ਸਭਨਾਂ ਦੇ ਅੰਦਰ ਹੈ। ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਮੇਸ਼ਰ ਪਿਤਾ ਦਾ ਸਦਾ ਧੰਨਵਾਦ ਕਰੋ। ਪ੍ਰਭੂ ਯਿਸੂ ਮਸੀਹ ਵਿੱਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ। ਕਿਉਂ ਜੋ ਅਕਾਸ਼ ਅਤੇ ਧਰਤੀ ਉੱਤਲੀਆਂ ਸਾਰੀਆਂ ਵਸਤਾਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ ਸੱਭੋ ਕੁੱਝ ਪ੍ਰਭੂ ਯਿਸੂ ਮਸੀਹ ਤੋਂ ਅਤੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਅਤੇ ਪ੍ਰਭੂ ਯਿਸੂ ਮਸੀਹ ਦੇ ਲਈ ਉਤਪਤ ਹੋਇਆ ਹੈ ਅਤੇ ਸੱਭੋ ਕੁਝ ਪ੍ਰਭੂ ਯਿਸੂ ਮਸੀਹ ਦੇ ਵਿੱਚ ਕਾਇਮ ਰਹਿੰਦਾ ਹੈ। ਮੈਂ ਪੂਰਾ ਪੂਰਾ ਯਤਨ ਕਰਦਾ ਹਾਂ ਕਿ ਸਭ ਮਨੁੱਖ ਪ੍ਰਭੂ ਯਿਸੂ ਮਸੀਹ ਦੇ ਪਿਆਰ ਵਿੱਚ ਗੁੰਦੇ ਰਹਿਣ ਅਤੇ ਪੂਰੀ ਸਮਝ ਦੀ ਨਿਹਚਾ ਨਾਲ ਪ੍ਰਮੇਸ਼ਰ ਦੇ ਭੇਤ ਨੂੰ ਜਾਣ ਲੈਣ ਅਰਥਾਤ ਪ੍ਰਭੂ ਯਿਸੂ ਮਸੀਹ ਜੀ ਨੂੰ ਜਿਹਦੇ ਵਿੱਚ ਬੁੱਧ ਅਤੇ ਗਿਆਨ ਦੇ ਸਾਰੇ ਖ਼ਜ਼ਾਨੇ ਗੁੱਪਤ ਹਨ। ਕਿਉਂ ਜੋ ਪ੍ਰਮੇਸ਼ਰਤਾਈਂ (ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ) ਦੀ ਸਾਰੀ ਭਰਪੂਰੀ ਪ੍ਰਭੂ ਯਿਸੂ ਮਸੀਹ ਦੇ ਵਿੱਚ ਦੇਹਧਾਰੀ ਹੋ ਕੇ ਵੱਸਦੀ ਹੈ ਅਤੇ ਪ੍ਰਭੂ ਯਿਸੂ ਮਸੀਹ ਜੀ ਸਾਰੀ ਹਕੂਮਤ ਅਤੇ ਇਖ਼ਤਿਆਰ ਦੇ ਸਿਰ ਹੈ। ਪ੍ਰਭੂ ਯਿਸੂ ਮਸੀਹ ਜੀ ਸੱਭੋ ਕੁਝ ਹੈ ਅਤੇ ਸਭਨਾਂ ਦੇ ਵਿੱਚ ਹੈ। ਪ੍ਰਭੂ ਯਿਸੂ ਮਸੀਹ ਦਾ ਬਚਨ ਪੂਰੀ ਬੁੱਧ ਨਾਲ ਬਹੁਤਾ ਕਰਕੇ ਤੁਹਾਡੇ ਵਿੱਚ ਵੱਸੇ ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਕ ਗੀਤਾਂ ਰਾਹੀਂ ਇੱਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਕ੍ਰਿਪਾ ਨਾਲ ਪ੍ਰਭੂ ਪ੍ਰਮੇਸ਼ਰ ਨੂੰ ਆਪਣੇ ਮਨਾਂ ਵਿੱਚ ਗਾਇਆ ਕਰੋ ਅਤੇ ਸੱਭੋ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੋ ਹੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰੋ ਅਤੇ ਉਹ ਦੇ ਰਾਹੀਂ ਪਿਤਾ ਪ੍ਰਮੇਸ਼ਰ ਜੀ ਦਾ ਧੰਨਵਾਦ ਕਰੋ॥

## ਸਵਾਲ: ਸੋਚੀਏ,ਕੀ ਸਾਡੀ ਨਿਹਚਾ ਲਾਜ਼ਰ ਦੀ ਭੈਣ ਮਾਰਥਾ ਵਾਂਗੂ ਕੱਚੀ ਜਾਂ ਮਰਿਅਮ ਵਾਂਗੂ ਪੱਕੀ ਹੋਣੀ ਚਾਹੀਦੀ ਹੈ ?

**ਜਵਾਬ:** ਪਵਿੱਤਰ ਬਾਈਬਲ ਲੂਕਾ 10:38-42 ਅਤੇ ਯੂਹੰਨਾ 11:1-44 ਵਿੱਚ ਬਿਆਨ ਕਰਦੀ ਹੈ ਕਿ ਪ੍ਰਭੂ ਯਿਸੂ ਮਸੀਹ ਚੱਲਦਾ ਚੱਲਦਾ ਇੱਕ ਪਿੰਡ ਜਾ ਵੜਿਆ ਅਤੇ ਮਾਰਥਾ ਨਾਉਂ ਦੀ ਇੱਕ ਜਨਾਨੀ ਨੇ ਉਹ ਨੂੰ ਆਪਣੇ ਘਰ ਉਤਾਰਿਆ। ਅਤੇ ਮਰਿਅਮ ਕਰਕੇ ਉਹ ਦੀ ਇੱਕ ਭੈਣ ਸੀ ਜਿਹੜੀ ਪ੍ਰਭੂ ਯਿਸੂ ਮਸੀਹ ਜੀ ਦੇ ਚਰਨਾਂ ਕੋਲ ਬੈਠ ਕੇ ਉਹ ਦਾ ਬਚਨ ਸੁਣਦੀ ਸੀ। ਪਰ ਮਾਰਥਾ ਵੱਡੀ ਟਹਿਲ ਤੋਂ ਘਬਰਾ ਗਈ ਅਤੇ ਉਹ ਦੇ ਕੋਲ ਆਣ ਕੇ ਬੋਲੀ, ਪ੍ਰਭੂ ਜੀ ਤੈਨੂੰ ਕੁਝ ਚਿੰਤਾ ਨਹੀਂ ਜੋ ਮੇਰੀ ਭੈਣ ਨੇ ਮੈਨੂੰ ਟਹਿਲ ਕਰਨ ਲਈ ਇੱਕਲੀ ਛੱਡਿਆ ? ਸੋ ਉਹ ਨੂੰ ਕਹੁ ਕਿ ਮੇਰੀ ਮੱਦਤ ਕਰੇ। ਪਰ ਪ੍ਰਭੂ ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮਾਰਥਾ, ਮਾਰਥਾ ਤੂੰ ਬਹੁਤੀਆਂ ਵਸਤਾਂ ਦੀ ਚਿੰਤਾ ਕਰਦੀ ਅਤੇ ਘਬਰਾਉਂਦੀ ਹੈ। ਪਰ ਇੱਕ ਗੱਲ ਦੀ ਲੋੜ ਹੈ। ਮਰਿਅਮ ਨੇ ਤਾਂ ਉਹ ਚੰਗਾ ਹਿੱਸਾ ਪਸੰਦ ਕੀਤਾ ਹੈ ਜੋ ਉਸ ਤੋਂ ਖੋਹਿਆ ਨਾ ਜਾਵੇਗਾ। ਇਹ ਉਹੋ ਮਰਿਅਮ ਸੀ ਜਿਨ੍ਹ ਪ੍ਰਭੂ ਯਿਸੂ ਮਸੀਹ ਜੀ ਨੂੰ ਅਤਰ ਮਲਿਆ ਅਤੇ ਆਪਣਿਆਂ ਵਾਲਾਂ ਨਾਲ ਉਹ ਦੇ ਚਰਨ ਪੂੰਝੇ ਸਨ। ਉਸੇ ਦਾ ਭਰਾ ਲਾਜ਼ਰ ਬਿਮਾਰ ਸੀ। ਇਸ ਲਈ ਲਾਜ਼ਰ ਦੀਆਂ ਦੋਹਾਂ ਭੈਣਾਂ ਨੇ ਪ੍ਰਭੂ ਯਿਸੂ ਮਸੀਹ ਨੂੰ ਕਹਾ ਭੇਜਿਆ ਕਿ ਪ੍ਰਭੂ ਜੀ ਵੇਖ ਜਿਸ ਨਾਲ ਤੂੰ ਹਿਤ ਕਰਦਾ ਹੈ ਸੋ ਬਿਮਾਰ ਹੈ। ਪ੍ਰਭੂ ਯਿਸੂ ਜੀ ਨੇ ਸੁਣ ਕੇ ਕਿਹਾ, ਇਹ ਬਿਮਾਰੀ ਮੌਤ ਦੀ ਨਹੀਂ ਸਗੋਂ ਪ੍ਰਮੇਸ਼ਰ ਦੀ ਵੱਡਿਆਈ ਦੇ ਵਾਸਤੇ ਹੈ ਜੋ ਇਸ ਤੋਂ ਪ੍ਰਮੇਸ਼ਰ ਦੇ ਪੁੱਤਰ ਦੀ ਵੱਡਿਆਈ ਹੋਵੇ। ਪ੍ਰਭੂ ਯਿਸੂ ਜੀ ਮਾਰਥਾ ਨੂੰ ਅਤੇ ਉਹ ਦੀ ਭੈਣ ਮਰਿਅਮ ਅਤੇ ਲਾਜ਼ਰ ਨੂੰ ਪਿਆਰ ਕਰਦਾ ਸੀ। ਸੋ ਜਾਂ ਪ੍ਰਭੂ ਯਿਸੂ ਨੇ ਸੁਣਿਆ ਭਈ ਲਾਜ਼ਰ ਬਿਮਾਰ ਹੈ ਤਾਂ ਉਹ ਜਿੱਥੇ ਸੀ ਉਸ ਵੇਲੇ ਦੋ ਦਿਨ ਉੱਥੇ ਹੀ ਰਿਹਾ। ਫੇਰ ਇਹ ਦੇ ਮਗਰੋਂ ਆਪਣੇ ਚੇਲਿਆਂ ਨੂੰ ਕਿਹਾ ਕਿ ਸਾਡਾ ਮਿੱਤਰ ਲਾਜ਼ਰ ਸੌਂ ਗਿਆ ਹੈ ਪਰ ਮੈਂ ਜਾਂਦਾ ਹਾਂ ਭਈ ਉਹ ਜਗਾਵਾਂ। ਉਪਰੰਤ ਚੇਲਿਆਂ ਨੇ ਆਖਿਆ, ਪ੍ਰਭੂ ਜੀ, ਜੇ ਉਹ ਸੌਂ ਗਿਆ ਹੈ ਤਾਂ ਬਚ ਜਾਊ। ਉਪਰੰਤ ਪ੍ਰਭੂ ਯਿਸੂ ਨੇ ਚੇਲਿਆਂ ਨੂੰ ਸਾਫ਼ ਸਾਫ਼ ਆਖ ਦਿੱਤਾ ਜੋ ਲਾਜ਼ਰ ਮਰ ਗਿਆ ਹੈ ਅਤੇ ਮੈਂ ਤੁਹਾਡੀ ਖਾਤਰ ਪ੍ਰਸੰਨ ਹਾਂ ਜੋ ਮੈਂ ਉੱਥੇ ਨਹੀਂ ਸਾਂ ਤਾਂ ਜੋ ਤੁਸੀਂ ਨਿਹਚਾ ਕਰੋ। ਉਪਰੰਤ ਮਾਰਥਾ ਨੇ ਜਾਂ ਸੁਣਿਆ ਕਿ ਪ੍ਰਭੂ ਯਿਸੂ ਮਸੀਹ ਆਉਂਦਾ ਹੈ ਤਾਂ ਉਸ ਨੂੰ ਮਿਲਣ ਗਈ ਅਤੇ ਉਸ ਨੂੰ ਆਖਿਆ, ਪ੍ਰਭੂ ਜੀ ਜੇ ਤੂੰ ਐਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ ਅਤੇ ਮੈਂ ਹੁਣ ਵੀ ਜਾਣਦੀ ਹਾਂ ਭਈ ਜੋ ਕੁਝ ਤੂੰ ਪ੍ਰਮੇਸ਼ਰ ਤੋਂ ਮੰਗੇ ਸੋ ਪ੍ਰਮੇਸ਼ਰ ਤੈਨੂੰ ਦੇਊ। ਪ੍ਰਭੂ ਯਿਸੂ ਨੇ ਮਾਰਥਾ ਨੂੰ ਆਖਿਆ, ਤੇਰਾ ਭਰਾ ਜੀ ਉੱਠੇਗਾ। ਮਾਰਥਾ ਨੇ ਉਸ ਨੂੰ ਆਖਿਆ, ਮੈਂ ਜਾਣਦੀ ਹਾਂ ਜੋ ਕਿਆਮਤ ਨੂੰ ਅੰਤ ਦੇ ਦਿਨ ਉਹ ਜੀ ਉੱਠੂ। ਪ੍ਰਭੂ ਯਿਸੂ ਮਸੀਹ ਨੇ ਮਾਰਥਾ ਨੂੰ ਕਿਹਾ, ਕਿਆਮਤ ਅਤੇ ਜੀਉਣ ਮੈਂ ਹਾਂ। ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਏ ਤਾਂ ਵੀ ਜੀਵੇਗਾ। ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਤੇ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁ ਕਦੇ ਨਾ ਮਰੇਗਾ। ਕੀ ਤੂੰ ਇਸ ਗੱਲ ਦੀ ਪ੍ਰਤੀਤ ਕਰਦੀ ਹੈ ? ਮਾਰਥਾ ਨੇ ਉਹ ਨੂੰ ਆਖਿਆ, ਹਾਂ, ਪ੍ਰਭੂ ਜੀ ਮੈਂ ਪ੍ਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈ ਪ੍ਰਮੇਸ਼ਰ ਦਾ ਪੁੱਤਰ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ। ਇਹ ਕਹਿ ਕੇ ਉਹ ਚੱਲੀ ਗਈ ਅਤੇ ਆਪਣੀ ਭੈਣ ਮਰਿਅਮ ਨੂੰ ਚੁੱਪ ਕੀਤੀ ਸੱਦ ਕੇ ਬੋਲੀ, ਗੁਰੂ ਆਇਆ ਹੋਇਆ ਹੈ ਅਤੇ ਤੈਨੂੰ ਸੱਦਦਾ ਹੈ। ਜਾਂ ਮਰਿਅਮ ਨੇ ਇਹ ਗੱਲ ਸੁਣੀ ਤਾਂ ਝੱਟ ਉੱਠ ਕੇ ਪ੍ਰਭੂ ਯਿਸੂ ਦੇ ਕੋਲ ਗਈ ਜਿੱਥੇ ਉਹ ਸੀ ਅਤੇ ਪ੍ਰਭੂ ਯਿਸੂ ਨੂੰ ਵੇਖ ਕੇ ਉਹ ਦੇ ਪੈਰੀਂ ਪਈ ਅਤੇ ਉਸ ਨੂੰ ਆਖਿਆ, ਪ੍ਰਭੂ ਜੀ ਜੇ ਤੂੰ ਐਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ। ਉਪਰੰਤ ਜਾਂ ਪ੍ਰਭੂ ਯਿਸੂ ਨੇ ਮਰਿਅਮ ਨੂੰ ਰੋਂਦਿਆਂ ਅਤੇ ਉਨ੍ਹਾ ਯਹੂਦੀਆਂ ਨੂੰ ਵੀ ਜੋ ਉਹਦੇ ਨਾਲ ਆਏ ਸਨ ਰੋਂਦੇ ਵੇਖਿਆ ਤਾਂ ਆਤਮਾ ਵਿੱਚ ਕਲਪਿਆ ਅਤੇ ਆਖਿਆ ਕਿ ਤੁਸਾਂ ਲਾਜ਼ਰ ਨੂੰ ਕਿੱਥੇ ਰੱਖਿਆ ਹੈ ? ਉਨ੍ਹਾਂ ਉਸ ਨੂੰ ਆਖਿਆ, ਪ੍ਰਭੂ ਜੀ, ਆ ਵੇਖ। ਯਿਸੂ ਮਸੀਹ ਰੋਇਆ। ਅਤੇ ਕਲਪਦਾ ਹੋਇਆ ਲਾਜ਼ਰ ਦੀ ਕਬਰ ਉੱਤੇ ਆਇਆ ਜਿਹੜੀ ਇੱਕ ਗੁਫ਼ਾ ਸੀ ਅਤੇ ਉਸ ਉੱਤੇ ਇੱਕ ਪੱਥਰ ਧਰਿਆ ਹੋਇਆ ਸੀ। ਪ੍ਰਭੂ ਯਿਸੂ ਮਸੀਹ ਜੀ ਨੇ ਆਖਿਆ, ਇਸ ਪੱਥਰ ਨੂੰ ਹਟਾ ਦਿਓ। ਉਸ ਮੁਰਦੇ ਦੀ ਭੈਣ ਮਾਰਥਾ ਨੇ ਉਸ ਨੂੰ ਆਖਿਆ, ਪ੍ਰਭੂ ਜੀ, ਉਸ ਕੋਲੋਂ ਤਾਂ ਹੁਣ ਸੜਿਆਨ ਆਉਂਦੀ ਹੈ ਕਿਉਂ ਜੋ ਉਹ ਨੂੰ ਚਾਰ ਦਿਨ ਹੋਏ ਹਨ। ਪ੍ਰਭੂ ਯਿਸੂ ਨੇ ਉਹ ਕਿਹਾ, ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ ਪ੍ਰਤੀਤ ਕਰੇਂ ਤਾਂ ਪ੍ਰਮੇਸ਼ਰ ਦੀ ਵੱਡਿਆਈ ਵੇਖੇਂਗੀ। ਸੋ ਉਨ੍ਹਾਂ ਨੇ ਪੱਥਰ ਨੂੰ ਹਟਾ ਦਿੱਤਾ ਅਤੇ ਪ੍ਰਭੂ ਯਿਸੂ ਮਸੀਹ ਜੀ ਨੇ ਇਹ ਕਹਿ ਕੇ ਉੱਚੀ ਅਵਾਜ਼ ਮਾਰੀ ਕਿ ਲਾਜ਼ਰ ਬਾਹਰ ਆ! ਉਹ ਜਿਹੜਾ ਮੋਇਆ ਹੋਇਆ ਸੀ ਕਫ਼ਨ ਨਾਲ ਹੱਥ ਪੈਰ ਬੱਧੇ ਹੋਏ ਬਾਹਰ ਨਿੱਕਲ ਆਇਆ ! ਸੋ ਆਓ ਸਦਾ ਯਾਦ ਰੱਖੀਏ, ਸਾਡੀ ਨਿਹਚਾ ਲਾਜ਼ਰ ਦੀ ਭੈਣ ਮਾਰਥਾ ਦੇ ਵਾਂਗੂ ਬੇਸਮਝੀ ਵਿੱਚ ਅਧੂਰੀ ਅਤੇ ਕੱਚੀ ਨਹੀਂ ਸਗੋਂ ਲਾਜ਼ਰ ਦੀ ਭੈਣ ਮਰਿਅਮ ਵਾਂਗੂੰ ਅਤੇ ਦਾਨੀਏਲ, ਸ਼ਦਰਕ, ਮੇਸ਼ਕ ਅਤੇ ਅਬੇਦ-ਨਗੋ ਵਾਂਗੂੰ ਸਮਝ ਦੇ ਨਾਲ ਸੱਚੀ ਅਤੇ ਪੱਕੀ ਹੋਣੀ ਚਾਹੀਦੀ ਹੈ॥

## ਸਵਾਲ: ਕੀ ਪ੍ਰਮੇਸ਼ਰ ਯਿਸੂ ਮਸੀਹ ਦੇ ਰਾਜ ਵਿੱਚ ਦਾਖਲ ਹੋਣ ਲਈ ਨਿਹਚਾ, ਆਸਾ ਅਤੇ ਅਮਲ ਤਿੰਨਾਂ ਦੀ ਲੋੜ ਹੈ ?

**ਜਵਾਬ:** ਜੀ ਹਾਂ ! ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਾਬੂਤੀ ਹੈ। ਵਿਸਵਾਸ਼ ਬਿਨਾ ਆਸ ਅਧੂਰੀ ਹੈ ਅਤੇ ਆਸ ਬਿਨਾ ਵਿਸਵਾਸ਼ ਥੋਥਾ ਹੈ ਪਰ ਅਮਲਾਂ ਬਿਨਾ ਵਿਸਵਾਸ਼ ਅਤੇ ਆਸ ਦੋਨੋਂ ਹੀ ਵਿਅਰਥ ਹਨ। ਅਮਲਾਂ ਦੇ ਰਾਹੀਂ ਵਿਸਵਾਸ਼ ਅਤੇ ਆਸ ਫਲਵੰਤ ਹੁੰਦੇ ਹਨ। ਯਾਦ ਰੱਖੀਏ, ਜਿਵੇਂ ਕੌੜੇ ਅੱਕ ਬੀਜ ਕੇ ਅਸੀਂ ਆਪਣੀ ਨਿਹਚਾ ਦੇ ਨਾਲ ਇਹ ਆਸ ਰੱਖ ਕੇ ਉਸ ਬੂਟੇ ਦੇ ਮੁੱਢ ਜਿੰਨੀ ਮਰਜ਼ੀ ਮਿੱਠੀ ਮਿਸਰੀ ਘੋਲ ਘੋਲ ਕੇ ਪਾਈਏ ਤਦ ਵੀ ਉਸ ਅੱਕ ਦੇ ਬੂਟੇ ਨੂੰ ਮਿੱਠੇ ਅੰਗੂਰਾਂ ਦੇ ਫਲ ਨਹੀਂ ਲੱਗਦੇ ਹਨ ਕਿਉਂਕਿ ਮਾੜਾ ਬਿਰਛ ਚੰਗਾ ਫਲ ਨਹੀਂ ਦੇ ਸਕਦਾ ਹੈ ਤਿਵੇਂ ਹੀ ਜੇ ਅਸੀਂ ਆਪਣੇ ਕੰਨ ਪ੍ਰਭੂ ਯਿਸੂ ਮਸੀਹ ਜੀ ਦੇ ਬਚਨ ਤੋਂ ਫੇਰ ਕੇ ਪ੍ਰਾਰਥਨਾ ਕਰਨ ਦੇ ਨਾਲ ਦਸਵੰਧ ਦੇ ਕੇ ਅਤੇ ਦਾਨ ਪੁੰਨ ਕਰ ਕੇ ਪ੍ਰਮੇਸ਼ਰ ਯਿਸੂ ਮਸੀਹ ਦੇ ਰਾਜ ਵਿੱਚ ਦਾਖਲ ਹੋਣ ਦੀ ਆਸ ਰੱਖੀਏ ਤਾਂ ਇਹ ਵਿਅਰਥ ਹੈ। ਪ੍ਰਭੂ ਯਿਸੂ ਮਸੀਹ ਜੀ ਯੂਹੰਨਾ 4:23-26, 6:63, 12:47-48, ਮੱਤੀ 7:15-27, 13:41-43, 16:26-28, 25:31-46, 26:64, ਮਰਕੁਸ 8:36-38, 14:62, ਲੂਕਾ 6:46-49, 9:26-27, 22:69, ਪ੍ਰਕਾਸ਼ ਦੀ ਪੋਥੀ 1:7-8, 1:17-18, 2:8-11 ਅਤੇ 22:12-21 ਵਿੱਚ ਆਖਦੇ ਹੈ ਕਿ ਜੇ ਕੋਈ ਮੇਰੀਆਂ ਗੱਲਾਂ ਸੁਣੇ ਅਤੇ ਨਾ ਮੰਨੇ ਤਾਂ ਮੈਂ ਉਹ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਕਿਉਂ ਜੋ ਮੈਂ ਜਗਤ ਨੂੰ ਦੋਸ਼ੀ ਠਹਿਰਾਉਣ ਨਹੀਂ ਸਗੋਂ ਬਚਾਉਣ ਆਇਆ ਹਾਂ। ਪਰ ਜਿਹੜਾ ਬਚਨ ਮੈਂ ਕਿਹਾ ਉਹੋ ਅੰਤ ਦੇ ਵੇਲੇ ਉਸ ਨੂੰ ਦੋਸ਼ੀ ਠਹਿਰਾਵੇਗਾ। ਨਾ ਹਰੇਕ ਜਿਹੜਾ ਮੈਨੂੰ "ਪ੍ਰਭੂ, ਪ੍ਰਭੂ" ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਵੜ੍ਹੇਗਾ ਬਲਕਿ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ। ਉਸ ਦਿਨ ਅਨੇਕ ਮੈਨੂੰ ਆਖਣਗੇ, "ਹੇ ਪ੍ਰਭੂ ! ਹੇ ਪ੍ਰਭੂ !" ਕੀ ਅਸਾਂ ਤੇਰਾ ਨਾਮ ਲੈ ਕੇ ਅਗੰਮਵਾਕ ਨਹੀਂ ਕੀਤਾ ? ਅਤੇ ਤੇਰਾ ਨਾਮ ਲੈ ਕੇ ਭੂਤ ਨਹੀਂ ਕੱਢੇ ? ਅਤੇ ਤੇਰਾ ਨਾਮ ਲੈ ਕੇ ਬਹੁਤੀਆਂ ਕਰਾਮਾਤਾਂ ਨਹੀਂ ਕੀਤੀਆਂ ? ਤਦ ਮੈਂ ਉਨ੍ਹਾਂ ਨੂੰ ਸਾਫ਼ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ, ਹੇ ਦੁਸ਼ਟੋ, ਮੇਰੇ ਕੋਲੋਂ ਚੱਲੇ ਜਾਓ ! ਤੁਸੀਂ ਮੈਨੂੰ "ਪ੍ਰਭੂ, ਪ੍ਰਭੂ" ਕਰ ਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਤੁਸੀਂ ਨਹੀਂ ਕਰਦੇ ਹੋ ? ਵੇਖੋ, ਜੁੱਗ ਦੇ ਅੰਤ ਵਿੱਚ ਮਨੁੱਖ ਦਾ ਪੁੱਤਰ ਆਪਣੇ ਦੂਤਾਂ ਨੂੰ ਘੱਲੇਗਾ ਅਤੇ ਉਹ ਉਹ ਦੇ ਰਾਜ ਵਿੱਚੋਂ ਸਾਰੀਆਂ ਠੋਕਰ ਖੁਆਉਣ ਵਾਲੀਆਂ ਚੀਜ਼ਾਂ ਅਤੇ ਕੁਕਰਮੀਆਂ ਨੂੰ ਇਕੱਠਿਆਂ ਕਰਨਗੇ ਅਤੇ ਭੱਖਦੇ ਭੱਠੇ ਵਿੱਚ ਸੁੱਟ ਦੇਣਗੇ ਉੱਥੇ ਰੋਣਾ ਅਤੇ ਕਚੀਚੀਆਂ ਦਾ ਵੱਟਣਾ ਹੋਵੇਗਾ। ਤਦ ਧਰਮੀ ਲੋਕ (Righteous People) ਆਪਣੇ ਪਿਤਾ (ਮੇਰੇ,ਯਿਸੂ ਮਸੀਹ) ਦੇ ਰਾਜ ਵਿੱਚ ਸੂਰਜ ਵਾਂਗੂ ਚਮਕਣਗੇ। ਮਨੁੱਖ ਨੂੰ ਕੀ ਲਾਭ ਹੈ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਦਾ ਨੁਕਸਾਨ ਕਰੇ ? ਤਾਂ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ ? ਕਿਉਂ ਜੋ ਮਨੁੱਖ ਦਾ ਪੁੱਤਰ (ਮੈਂ) ਆਪਣੇ ਦੂਤਾਂ ਸਣੇ ਆਪਣੇ ਪਿਤਾ ਦੇ ਤੇਜ ਨਾਲ ਆਵੇਗਾ ਅਤੇ ਉਸ ਸਮੇਂ ਉਹ ਹਰੇਕ ਨੂੰ ਉਹ ਦੀ ਕਰਨੀ ਮੂਜਬ ਫਲ ਦੇਵੇਗਾ। ਉਹ ਆਪਣੇ ਤੇਜ ਦੇ ਸਿੰਘਸਣ ਉੱਤੇ ਬੈਠੇਗਾ ਅਤੇ ਸਭ ਕੌਮਾਂ ਉਹ ਦੇ ਅੱਗੇ ਇਕੱਠੀਆਂ ਕੀਤੀਆਂ ਜਾਣਗੀਆਂ ਅਤੇ ਜਿਸ ਤਰ੍ਹਾਂ ਅਯਾਲੀ ਭੇਡਾਂ ਨੂੰ ਬੱਕਰੀਆਂ ਵਿੱਚੋਂ ਵੱਖਰਿਆਂ ਕਰਦਾ ਹੈ ਉਸੇ ਤਰ੍ਹਾਂ ਉਹ ਉਨ੍ਹਾਂ ਨੂੰ ਇੱਕ ਦੂਏ ਤੋਂ ਵੱਖਰਾ ਕਰੇਗਾ ਅਤੇ ਉਹ ਭੇਡਾਂ ਨੂੰ ਆਪਣੇ ਸੱਜੇ ਪਾਸੇ ਅਤੇ ਬੱਕਰੀਆਂ ਨੂੰ ਖੱਬੇ ਪਾਸੇ ਖੜ੍ਹਿਆਂ ਕਰੇਗਾ। ਤਦ ਪਾਤਸ਼ਾਹ ਉਨ੍ਹਾਂ ਨੂੰ ਜਿਹੜੇ ਉਹ ਦੇ ਸੱਜੇ ਪਾਸੇ ਹੋਣ ਆਖੇਗਾ, ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਉਹ ਦੇ ਵਾਰਸ ਹੋਵੋ। ਤਦ ਜਿਹੜੇ ਖੱਬੇ ਪਾਸੇ ਹੋਣ ਉਨ੍ਹਾਂ ਨੂੰ ਵੀ ਉਹ ਕਹੇਗਾ, ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚੱਲੇ ਜਾਓ ਜਿਹੜੀ ਸ਼ੈਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ। ਮੈਂ ਅਲਫਾ ਅਤੇ ਓਮੇਗਾ ਹਾਂ ਅਰਥਾਤ ਉਹ ਜਿਹੜਾ ਹੈ ਅਤੇ ਜਿਹੜਾ ਹੈ ਸੀ ਅਤੇ ਜਿਹੜਾ ਆਉਣ ਵਾਲਾ ਹੈ ਜਿਹੜਾ ਸਰਬ-ਸ਼ਕਤੀਮਾਨ ਹੈ। ਨਾ ਡਰੋ ! ਮੈਂ ਜਿਉਂਦਾ ਹਾਂ। ਮੈਂ ਮਰ ਗਿਆ ਸਾਂ ਅਤੇ ਵੇਖੋ ਮੈਂ ਜੁੱਗੋ ਜੁੱਗ ਜਿਉਂਦਾ ਹਾਂ ਅਤੇ ਮੌਤ ਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ। ਤੁਸੀਂ ਮਰਨ ਤੋੜੀ ਵਫ਼ਾਦਾਰ ਰਹੋ ਤਾਂ ਮੈਂ ਤੁਹਾਨੂੰ ਜੀਵਨ ਦਾ ਮੁੱਕਟ ਦਿਆਂਗਾ। ਮੈਂ ਛੇਤੀ ਆਉਂਦਾ ਹਾਂ ਅਤੇ ਫਲ ਮੇਰੇ ਕੋਲ ਹੈ ਭਈ ਹਰ ਇੱਕ ਨੂੰ ਉਸ ਦੇ ਕੀਤੇ ਕੰਮਾਂ ਦੇ ਬਦਲੇ ਵਿੱਚ ਫਲ ਦਿਆਂ। ਮੈਂ ਯਿਸੂ ਨੇ ਕਲੀਸਿਯਾਂ (Church) ਦੇ ਲਈ ਇਨ੍ਹਾਂ ਗੱਲਾਂ ਦੀ ਸਾਖੀ ਦੇਣ ਨੂੰ ਤੁਹਾਡੇ ਕੋਲ ਆਪਣਾ ਦੂਤ ਘੱਲਿਆ ਹੈ। ਮੈਂ ਦਾਊਦ ਦੀ ਜੜ੍ਹ ਅਤੇ ਅੰਸ ਹਾਂ। ਮੈਂ ਹਰ ਇੱਕ ਦੇ ਅੱਗੇ ਜਿਹੜਾ ਇਸ ਪੋਥੀ ਦੇ ਅਗੰਮਵਾਕ ਦੀਆਂ ਬਾਣੀਆਂ ਸੁਣਦਾ ਹੈ ਸਾਖੀ ਦਿੰਦਾ ਹਾਂ। ਜੇ ਕੋਈ ਇਨ੍ਹਾਂ ਵਿੱਚ ਕੁਝ ਵਧਾਵੇ ਤਾਂ ਉਹ ਬਵਾਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆਂ ਹੋਈਆਂ ਹਨ ਪ੍ਰਮੇਸ਼ਰ ਉਸ ਉੱਤੇ ਵਧਾਵੇਗਾ। ਜੇ ਕੋਈ ਇਸ ਅਗੰਮਵਾਕ ਦੀ ਪੋਥੀ ਦੀਆਂ ਬਾਣੀਆਂ ਵਿੱਚੋਂ ਕੁਝ ਘਟਾਵੇ ਤਾਂ ਜੀਵਨ ਦੇ ਬਿਰਛ ਤੋਂ ਅਤੇ ਪਵਿੱਤਰ ਨਗਰੀ ਵਿੱਚੋਂ ਅਰਥਾਤ ਉਨ੍ਹਾਂ ਗੱਲਾਂ ਵਿੱਚੋਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆਂ ਹੋਈਆਂ ਹਨ ਪ੍ਰਮੇਸ਼ਰ ਉਹ ਦਾ ਹਿੱਸਾ ਘਟਾਵੇਗਾ॥

## ਸਵਾਲ: ਕੀ ਮਨੁੱਖ ਨਿਰੀ ਨਿਹਚਾ ਨਾਲ ਜਾਂ ਨਿਹਚਾ ਅਤੇ ਅਮਲਾਂ ਨਾਲ ਧਰਮੀ (Righteous) ਠਹਿਰਾਏ ਜਾਂਦੇ ਹੈ ?

**ਜਵਾਬ:** ਪ੍ਰਭੂ ਯਿਸੂ ਮਸੀਹ ਜੀ ਨੇ ਮੱਤੀ 28:19-20, ਮਰਕੁਸ 16:15-16, ਲੂਕਾ 24:42-44 ਅਤੇ ਰਸੂਲਾਂ ਦੇ ਕਰਤੱਬ 1:3-8 ਵਿੱਚ ਆਪਣੇ ਚੁਣੇ ਹੋਏ ਚੇਲਿਆਂ ਨੂੰ ਹੁੱਕਮ ਦਿੱਤਾ ਕਿ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਉ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਉ। ਤੁਸੀਂ ਜਾ ਕੇ ਸਾਰੇ ਜਗਤ ਦੇ ਸਾਹਮਣੇ ਇਸ ਖ਼ੁਸ਼ ਖ਼ਬਰੀ ਦਾ ਪ੍ਰਚਾਰ ਕਰੋ ਅਤੇ ਜੋ ਕੋਈ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜੋ ਨਿਹਚਾ ਨਾ ਕਰੇ ਉਸ ਉੱਤੇ ਸਜ਼ਾ ਦਾ ਹੁੱਕਮ ਕੀਤਾ ਜਾਵੇਗਾ। ਯਰੂਸ਼ਲਮ ਤੋਂ ਲੈ ਕੇ ਸਾਰੀਆਂ ਕੌਮਾਂ ਵਿੱਚ ਉਹ ਦੇ ਨਾਮ ਉੱਤੇ ਤੋਬਾ ਅਤੇ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ। ਅਤੇ ਵੇਖੋ ਮੈਂ ਆਪਣੇ ਪਿਤਾ ਦਾ ਇਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕੁਰ ਤੁਸੀਂ ਉਪਰੋਂ ਸ਼ਕਤੀ ਨਾ ਪਾਓ ਯਰੂਸ਼ਲਮ ਵਿੱਚ ਠਹਿਰੋ। ਰਸੂਲਾਂ ਦੇ ਕਰਤੱਬ 2:37-42, 4:10-12 ਅਤੇ 10:43 ਵਿੱਚ ਲਿਖਿਆ ਹੈ ਕਿ ਪੰਤੇਕੁਸਤ ਦੇ ਦਿਨ ਪਤਰਸ ਰਸੂਲ ਨੇ ਪ੍ਰਭੂ ਯਿਸੂ ਮਸੀਹ ਦੇ ਆਤਮਾ ਨਾਲ ਭਰਪੂਰ ਹੋ ਕੇ ਬਚਨ ਸੁਣਾਏ ਤਾਂ ਸੁਣਨ ਵਾਲਿਆਂ ਦੇ ਦਿਲ ਛਿਦ ਗਏ ਤਾਂ ਉਨ੍ਹਾਂ ਨੇ ਪਤਰਸ ਅਤੇ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ ? ਤਦ ਪਤਰਸ ਨੇ ਆਖਿਆ, ਤੋਬਾ ਕਰੋ ਅਤੇ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੋ ਤਾਂ ਪਵਿੱਤਰ ਆਤਮਾ ਦਾ ਦਾਨ ਪਾਉਗੇ ਕਿਉਂਕਿ ਇਹ ਕਰਾਰ ਹੈ ਤੁਹਾਡੇ, ਤੁਹਾਡੇ ਬੱਚਿਆਂ ਤੇ ਉਨ੍ਹਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿਨ੍ਹਿਆਂ ਨੂੰ ਪ੍ਰਭੂ ਯਿਸੂ ਮਸੀਹ ਸਾਡਾ ਪ੍ਰਮੇਸ਼ਰ ਆਪਣੇ ਕੋਲ ਬੁਲਾਵੇ। ਸੋ ਪੰਤੇਕੁਸਤ ਦੇ ਦਿਨ ਤਿੰਨ ਹਜ਼ਾਰ ਲੋਕਾਂ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਿਆ। ਕਿਉਂਕਿ ਪ੍ਰਭੂ ਯਿਸੂ ਮਸੀਹ ਜੀ ਦੇ ਨਾਮ ਦੇ ਬਿਨਾ ਕਿਸੇ ਦੂਏ ਨਾਮ ਵਿੱਚ ਸਾਡੀ ਮੁਕਤੀ ਨਹੀਂ ਹੈ। ਸਭ ਨਬੀ ਇਹ ਸਾਖ਼ੀ ਦਿੰਦੇ ਹਨ ਕਿ ਜੋ ਕੋਈ ਪ੍ਰਭੂ ਯਿਸੂ ਮਸੀਹ ਜੀ ਉੱਤੇ ਨਿਹਚਾ ਕਰੇ ਸੋ ਪ੍ਰਭੂ ਯਿਸੂ ਮਸੀਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ। ਪੌਲੁਸ ਰਸੂਲ ਨੇ ਰੋਮੀਆਂ 3:29-30, ਗਲਾਤੀਆਂ 2:15-16, ਪਹਿਲੇ ਤਿਮੋਥਿਉਸ 1:12-17, 3:15-16, 4:9-10, 6:12-16, ਯਾਕੂਬ 2:14-26 ਅਤੇ 4:12 ਵਿੱਚ ਲਿਖਿਆ ਹੈ ਕਿ ਕੀ ਪ੍ਰਮੇਸ਼ਰ ਸਿਰਫ਼ ਯਹੂਦੀਆਂ ਦਾ ਹੈ ਅਤੇ ਪਰਾਈਆਂ ਕੌਮਾਂ ਦਾ ਨਹੀਂ ? ਆਹੋ, ਪਰਾਈਆਂ ਕੌਮਾਂ ਦਾ ਭੀ ਹੈ ਕਿਉਂ ਜੋ ਪ੍ਰਮੇਸ਼ਰ ਇੱਕੋ ਹੈ ਜਿਹੜਾ ਸੁੰਨਤੀਆਂ ਨੂੰ ਨਿਹਚਾ ਤੋਂ ਅਤੇ ਅਸੁੰਨਤੀਆਂ ਨੂੰ ਨਿਹਚਾ ਹੀ ਦੇ ਕਾਰਨ ਧਰਮੀ (Righteous) ਠਹਿਰਾਵੇਗਾ। ਅਸੀਂ ਜਨਮ ਕਰਕੇ ਯਹੂਦੀ ਹਾਂ ਅਤੇ ਪਰਾਈਆਂ ਕੌਮਾਂ ਵਿੱਚੋਂ ਪਾਪੀ ਨਹੀਂ ਤਾਂ ਵੀ ਇਹ ਜਾਣ ਕੇ ਭਈ ਮਨੁੱਖ ਸ਼ਰਾ ਦੇ ਕੰਮਾਂ ਤੋਂ ਨਹੀਂ ਸਗੋਂ ਸਿਰਫ਼ ਯਿਸੂ ਮਸੀਹ ਦੇ ਉੱਤੇ ਨਿਹਚਾ ਕਰਨ ਤੋਂ ਹੀ ਧਰਮੀ (Righteous) ਠਹਿਰਾਏ ਜਾਂਦੇ ਹਨ ਅਸਾਂ ਵੀ ਮਸੀਹ ਯਿਸੂ ਦੇ ਉੱਤੇ ਨਿਹਚਾ ਕੀਤੀ ਭਈ ਮਸੀਹ ਦੀ ਨਿਹਚਾ ਤੋਂ, ਨਾ ਸ਼ਰਾ ਦੇ ਕੰਮਾਂ ਤੋਂ ਧਰਮੀ (Righteous) ਠਹਿਰਾਏ ਜਾਈਏ ਕਿਉਂਕਿ ਕੋਈ ਬਸ਼ਰ ਸ਼ਰਾ ਦੇ ਕੰਮਾਂ ਤੋਂ ਧਰਮੀ ਨਹੀਂ ਠਹਿਰਾਇਆ ਜਾਵੇਗਾ। ਇਹ ਬਚਨ ਪੱਕਾ ਅਤੇ ਪੂਰੀ ਤਰ੍ਹਾਂ ਮੰਨਣਜੋਗ ਹੈ ਭਈ ਜੁੱਗਾਂ ਦੇ ਮਾਹਾਰਾਜ ਅਤੇ ਅਦੁਤੀ ਪ੍ਰਮੇਸ਼ਰ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ ਆਇਆ। ਨਿਸੰਗ ਭਗਤੀ ਦਾ ਭੇਤ ਵੱਡਾ ਹੈ,- ਪ੍ਰਮੇਸੁਰ ਸਰੀਰ ਵਿੱਚ ਪਰਗਟ ਹੋਇਆ, ਆਤਮਾ ਵਿੱਚ ਧਰਮੀ ਠਹਿਰਾਇਆ ਗਿਆ, ਦੂਤਾਂ ਤੋਂ ਵੇਖਿਆ ਗਿਆ, ਕੌਮਾਂ ਵਿੱਚ ਉਸ ਦਾ ਪ੍ਰਚਾਰ ਕੀਤਾ ਗਿਆ, ਜਗਤ ਵਿੱਚ ਉਸ ਉੱਤੇ ਨਿਹਚਾ ਕੀਤੀ ਗਈ, ਤੇਜ ਵਿੱਚ ਉਤਾਹਾਂ ਉਠਾ ਲਿਆ ਗਿਆ। ਇਹ ਬਚਨ ਸਤ ਹੈ ਅਤੇ ਪੂਰੀ ਤਰ੍ਹਾਂ ਮੰਨਣਜੋਗ ਹੈ। ਇਸੇ ਨਮਿੱਤ ਅਸੀਂ ਮਿਹਨਤ ਅਤੇ ਯਤਨ ਕਰਦੇ ਹਾਂ ਇਸ ਲਈ ਜੋ ਅਸਾਂ ਜੀਉਂਦੇ ਪ੍ਰਮੇਸ਼ਰ ਯਿਸੂ ਮਸੀਹ ਜੀ ਉੱਤੇ ਆਸ ਲਾਈ ਹੋਈ ਹੈ ਜਿਹੜਾ ਸਾਰਿਆਂ ਮਨੁੱਖਾਂ ਦੇ ਪਰ ਖਾਸ ਕਰਕੇ ਨਿਹਚਾਵਾਨਾਂ ਦੇ ਮੁਕਤੀਦਾਤਾ ਹੈ। ਸੋ ਹੇ ਭਰਾਵੋ, ਜੇ ਕੋਈ ਆਖੇ ਭਈ ਮੈਨੂੰ ਨਿਹਚਾ ਹੈ ਪਰ ਉਹ ਅਮਲ ਨਾ ਕਰਦਾ ਹੋਵੇ ਤਾਂ ਕੀ ਲਾਭ ਹੈ ? ਭਲਾ ਏਹ ਨਿਹਚਾ ਉਸ ਨੂੰ ਬਚਾ ਸਕਦੀ ਹੈ ? ਨਿਹਚਾ ਜੋ ਅਮਲਾਂ ਸਹਿਤ ਨਾ ਹੋਵੇ ਤਾਂ ਆਪਣੇ ਆਪ ਵਿੱਚ ਮੋਈ ਹੋਈ ਹੈ। ਤੂੰ ਨਿਹਚਾ ਰੱਖਦਾ ਹੈ ਜੋ ਪ੍ਰਮੇਸ਼ਰ ਇੱਕੋ ਹੈ ਇਹ ਤੂੰ ਅੱਛਾ ਕਰਦਾ ਹੈ ਭੂਤ ਵੀ ਇਹੋ ਨਿਹਚਾ ਕਰਦੇ ਹਨ ਕੰਬਦੇ ਹਨ। ਹੇ ਨਾਕੰਮਿਆ ਮਨੁੱਖਾ, ਕੀ ਤੂੰ ਇਹ ਜਾਣਿਆ ਚਾਹੁੰਦਾ ਹੈ ਭਈ ਅਮਲਾਂ ਬਿਨਾ ਨਿਹਚਾ ਅਕਾਰਥ ਹੈ ? ਤੁਸੀਂ ਵੇਖਦੇ ਹੋ ਭਈ ਮਨੁੱਖ ਨਿਰੀ ਨਿਹਚਾ ਨਾਲ ਹੀ ਨਹੀਂ ਸਗੋਂ ਅਮਲਾਂ ਨਾਲ ਧਰਮੀ ਠਹਿਰਾਇਆ ਜਾਂਦਾ ਹੈ। ਸ਼ਰਾ ਦਾ ਦੇਣਵਾਲਾ ਅਤੇ ਨਿਆਈ ਇੱਕੋ ਪ੍ਰਮੇਸ਼ਰ ਯਿਸੂ ਮਸੀਹ ਹੈ ਅਰਥਾਤ ਉਹ ਜਿਹੜਾ ਮੁਕਤੀ ਦੇਣ ਅਤੇ ਨਾਸ ਕਰਨ ਨੂੰ ਸਮਰੱਥ ਹੈ। ਪ੍ਰੰਤੂ ਕਈ ਲੋਕ ਹਾਲੇ ਵੀ ਇਹ ਸੋਚ ਰੱਖਦੇ ਹਨ ਕਿ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਜੀ ਤਿੰਨ ਵੱਖਰੇ ਵੱਖਰੇ ਨਾਮ / ਵਿਆਕਤੀ / ਪ੍ਰਮੇਸ਼ਰ ਹਨ ਅਤੇ "ਯਿਸੂ ਨਾਮ" ਵਿੱਚ ਬਪਤਿਸਮਾ ਲੈਣ ਤੋਂ ਇਨਕਾਰ ਕਰਦੇ ਹਨ। ਕਈ ਲੋਕ ਮੂੰਹ ਨਾਲ ਇਸ ਸੱਚ ਦਾ ਇਕਰਾਰ ਕਰਦੇ ਹਨ ਕਿ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਇੱਕ ਹੀ ਪ੍ਰਮੇਸ਼ਰ ਯਿਸੂ ਮਸੀਹ ਹੈ ਤਦ ਵੀ ਦਿਲ ਨਾਲ ਆਪਣੀ ਨਿਹਚਾ ਨੂੰ ਅਮਲਾਂ ਸਹਿਤ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈ ਕੇ ਪੂਰਾ ਕਰਨ ਤੋਂ ਇਨਕਾਰ ਕਰਦੇ ਹਨ !!!